## ਯੂਨੀਵਰਸਿਟੀ ਕਾਲਜ, ਜੈਤੋ (ਜ਼ਿਲ੍ਹਾ ਫ਼ਰੀਦਕੋਟ)

## (ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕਾਂਸਟੀਚੂਐਂਟ ਕਾਲਜ)

ਵਿਸ਼ਾ : ਕਾਲਜ ਕੰਟੀਨ ਨੂੰ ਠੇਕੇ 'ਤੇ ਦੇਣ ਲਈ ਨਿਲਾਮੀ ਦੀ ਬੋਲੀ ਸਬੰਧੀ।

ਯੂਨੀਵਰਸਿਟੀ ਕਾਲਜ ਜੈਤੋ ਵਿਖੇ ਕਾਲਜ ਕੰਟੀਨ ਨੂੰ ਠੇਕੇ 'ਤੇ ਦੇਣ ਸਬੰਧੀ ਹੇਠ ਲਿਖੀਆਂ ਸ਼ਰਤਾਂ ਤਹਿਤ ਬੋਲੀ ਰਾਹੀਂ ਠੇਕੇ 'ਤੇ ਦਿੱਤੀ ਜਾਣੀ ਹੈ। ਬੋਲੀ ਮਿਤੀ : 23 ਦਸੰਬਰ, 2022 ਨੂੰ ਸਵੇਰੇ 10.30 ਵਜੇ ਕਾਲਜ ਦੇ ਪ੍ਰਿੰਸੀਪਲ ਦਫ਼ਤਰ ਵਿਖੇ ਹੋਵੇਗੀ।

ਕਾਲਜ ਕੰਟੀਨ ਨੂੰ ਠੇਕੇ 'ਤੇ ਦੇਣ ਲਈ ਨਿਲਾਮੀ ਦੀ ਬੋਲੀ ਦੀਆਂ ਸ਼ਰਤਾਂ :-

1. ਕਾਲਜ ਕੰਟੀਨ ਦੇ ਠੇਕੇ ਦੀ ਮਿਆਦ ~~ਨਵੰਬਰ~~ ਦਸੰਬਰ 2022 ਤੋਂ ਨਵੰਬਰ 2023 ਤੱਕ ਹੋਵੇਗੀ। ਕੰਟੀਨ ਖੁੱਲ੍ਹਣ ਦਾ ਸਮਾਂ ਸਵੇਰ 9 ਵਜੇ ਤੋਂ ਬਾਦ-ਦੁਪਹਿਰ 3 ਵਜੇ ਤੱਕ ਦਾ ਹੋਵੇਗਾ। ਕਾਲਜ ਦੀ ਲੋੜ ਅਨੁਸਾਰ ਕੰਟੀਨ ਬੰਦ ਕਰਨ ਦਾ ਸਮਾਂ ਪ੍ਰਿੰਸੀਪਲ\ਇੰਚਾਰਜ ਵੱਲੋਂ ਵਧਾਇਆ ਜਾ ਸਕਦਾ ਹੈ। ਕਾਲਜ ਕੰਟੀਨ ਲਈ ਲੋੜੀਂਦਾ ਇਫ਼ਰਾਸਟਰਕਚਰ ਤੇ ਫ਼ਰਨੀਚਰ ਆਦਿ ਦਾ ਪ੍ਰਬੰਧ ਠੇਕੇਦਾਰ ਦਾ ਆਪਣਾ ਹੋਵੇਗਾ।
2. ਕਾਲਜ ਕੰਟੀਨ ਨੂੰ ਠੇਕੇ 'ਤੇ ਦੇਣ ਦੀ ਨਿਸ਼ਚਿਤ ਬੋਲੀ ਦੀ ਘੱਟੋ-ਘੱਟ ਸਲਾਨਾ ਰਕਮ 50000 ਰੁਪਏ (ਸਿਰਫ਼ ਪੰਜਾਹ ਹਜ਼ਾਰ ਰੁਪਏ) ਸਾਲਾਨਾ ਹੋਵੇਗੀ। ਜਿਸ ਨੂੰ ਬੈਂਕ ਰਾਹੀਂ ਪੀ. ਟੀ. ਏ. ਫ਼ੰਡ ਵਿਚ ਜਮ੍ਹਾਂ ਕਰਵਾਉਣਾ ਹੋਵੇਗਾ।
3. ਸਫ਼ਲ ਬੋਲੀਕਾਰ ਨੂੰ ਦੋ ਕਿਸ਼ਤਾਂ ਵਿਚ (ਪਹਿਲੀ ਤੁਰੰਤ ਬੋਲੀ ਹੋਣ ਜਾਣ 'ਤੇ ਠੇਕਾ ਨਿਸ਼ਚਿਤ ਹੋਣ ਉਪਰੰਤ 24 ਘੰਟਿਆਂ ਦੇ ਅੰਦਰ-ਅੰਦਰ ਅਤੇ ਦੂਜੀ ਸਿਤੰਬਰ ਮਹੀਨੇ ਦੇ ਪਹਿਲੇ ਹਫ਼ਤੇ ਦੇ ਵਿਚ-ਵਿਚ ਵਿਚ ਜਮ੍ਹਾ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਦੀ ਸਕਿਊਰਿਟੀ ਜਬਤ ਕਰ ਲਈ ਜਾਵੇਗੀ ਅਤੇ ਠੇਕਾ ਰੱਦ ਕਰ ਦਿੱਤਾ ਜਾਵੇਗਾ।
4. ਕੰਟੀਨ ਵਿਚ ਕਿਸੇ ਤਰ੍ਹਾਂ ਦੇ ਨਸ਼ੇ ਦੀ ਸਖ਼ਤ ਮਨਾਹੀ ਹੈ। ਕੰਟੀਨ ਵਿਚ ਨਸ਼ੇ ਦੀ ਵਰਤੋਂ ਦੀ ਰੋਕਥਾਮ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
5. ਜੇਕਰ ਠੇਕੇ ਦੀ ਮਿਆਦ ਪੂਰੀ ਨਹੀਂ ਕੀਤੀ ਜਾਂਦੀ ਜਾਂ ਕਿਸੇ ਕਾਰਨ ਠੇਕਾ ਰੱਦ ਕੀਤਾ ਜਾਂਦਾ ਹੈ ਤਾਂ ਸਕਿਊਰਿਟੀ ਦੀ ਰਕਮ ਅਤੇ ਠੇਕੇ ਦੀ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ ਅਤੇ ਠੇਕੇਦਾਰ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।
6. ਕੰਟੀਨ 'ਤੇ ਖਾਣ-ਪੀਣ ਵਾਲੀਆਂ ਵਸਤਾਂ ਦੀ ਤਿਆਰੀ ਲਈ ਚੰਗੀ ਕਿਸਮ ਦੇ ਸ਼ੁੱਧ ਬਨਸਪਤੀ ਘਿਉ\ ਰੀਫ਼ਾਇੰਡ\ ਸਰ੍ਹੋਂ ਦੇ ਤੇਲ ਦੀ ਵਰਤੋਂ ਕੀਤੀ ਜਾਵੇਗੀ।
7. ਖਾਣ-ਪੀਣ ਦੀਆਂ ਚੀਜ਼ਾਂ ਦੀ ਕੁਆਲਟੀ ਚੰਗੀ ਹੋਵੇਗੀ। ਮਾੜੀ ਕੁਆਲਿਟੀ ਅਤੇ ਖ਼ਰਾਬ ਚੀਜ਼ਾਂ ਨਹੀਂ ਵੇਚੀਆਂ ਜਾਣਗੀਆਂ।
8. ਪ੍ਰਿੰਸੀਪਲ\ਇੰਚਾਰਜ ਅਤੇ ਕੰਟੀਨ ਕਮੇਟੀ ਨੂੰ ਕਿਸੇ ਵੀ ਸਮੇਂ ਖਾਣ-ਪੀਣ ਦੀਆਂ ਚੀਜ਼ਾਂ ਚੈੱਕ ਕਰਨ ਦਾ ਅਧਿਕਾਰ ਹੋਵੇਗਾ। ਚੈਕਿੰਗ ਦੌਰਾਨ ਜੇਕਰ ਚੀਜ਼ਾਂ ਦੀ ਕਿਸਮ ਘਟੀਆ ਪਾਈ ਜਾਂਦੀ ਹੈ ਤਾਂ ਠੇਕਾ ਰੱਦ ਕੀਤਾ ਜਾ ਸਕਦਾ ਹੈ।
9. ਕੰਟੀਨ ਵਿਚ ਕੰਮ ਵਾਲੇ ਕਰਮਚਾਰੀ ਸਾਫ਼-ਸੁਥਰੇ ਅਤੇ ਚੰਗੇ ਆਚਰਣ ਵਾਲੇ ਹੋਣਗੇ। ਨਾ-ਬਾਲਗ ਨੂੰ ਕਰਮਚਾਰੀ ਨਹੀਂ ਰੱਖਿਆ ਜਾਵੇਗਾ।
10. ਪ੍ਰਿੰਸੀਪਲ\ਇੰਚਾਰਜ ਦੀ ਆਗਿਆ ਤੋਂ ਬਿਨਾਂ ਕੰਟੀਨ ਬੰਦ ਨਹੀਂ ਕੀਤੀ ਜਾਵੇਗੀ। ਜੇਕਰ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਂ ਪ੍ਰਿੰਸੀਪਲ\ਇੰਚਾਰਜ ਨੂੰ ਤਾਲਾ ਤੋੜਨ ਦਾ ਹੱਕ ਹੋਵੇਗਾ ਅਤੇ ਠੇਕਾ ਰੱਦ ਕੀਤਾ ਜਾ ਸਕਦਾ ਹੋਵੇਗਾ।
11. ਕੰਟੀਨ ਵਿਚ ਵੇਚੀਆਂ ਜਾਣ ਵਾਲੀਆਂ ਚੀਜ਼ਾਂ ਦੇ ਰੇਟ ਪ੍ਰਿੰਸੀਪਲ\ਇੰਚਾਰਜ ਅਤੇ ਕੰਟੀਨ ਕਮੇਟੀ ਦੀ ਸਲਾਹ ਨਾਲ ਨਿਸ਼ਚਤ ਕੀਤੇ ਜਾਣਗੇ।

12. ਚੀਜ਼ਾਂ ਦੀ ਰੇਟ ਲਿਸਟ ਕੰਟੀਨ ਵਿਚ ਲਗਾਈ ਜਾਵੇਗੀ। ਰੇਟ ਲਿਸਟ ਦੀਆਂ ਤਿੰਨ ਫ਼ਲੈਕਸ 1.5*3 ਸਾਇਜ਼ ਦੀਆਂ ਕੰਟੀਨ ਦੀਆਂ ਅਲੱਗ-ਅਲੱਗ ਥਾਵਾਂ 'ਤੇ ਲਗਾਈਆਂ ਜਾਣਗੀਆਂ। ਜੇਕਰ ਨਿਸ਼ਚਿਤ ਰੇਟਾਂ ਤੋਂ ਵੱਧ ਕੀਮਤ ਵਸੂਲ ਕਰਨ ਦੀ ਸ਼ਿਕਾਇਤ ਆਉਂਦੀ ਹੈ ਤਾਂ ਉਚਿਤ ਕਾਰਵਾਈ ਕੀਤੀ ਜਾਵੇਗੀ।

13. ਜੇ ਕੋਈ ਵੀ ਸਮਾਨ ਕਾਲਜ ਵੱਲੋਂ ਕੰਟੀਨ ਲਈ ਦਿੱਤਾ ਜਾਂਦਾ ਹੈ ਤਾਂ ਉਹ ਸਮਾਨ ਜਿਸ ਹਾਲਤ ਵਿਚ ਪ੍ਰਾਪਤ ਕੀਤਾ ਹੈ ਉਸੇ ਹਾਲਤ ਵਿਚ ਵਾਪਸ ਕਰਨਾ ਹੋਵੇਗਾ, ਟੁੱਟ ਭੱਜ ਦੀ ਮੁਰੰਮਤ ਕਰਾਉਣ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

14. ਕੰਟੀਨ ਵਿਚ ਠੇਕੇਦਾਰ ਆਪਣਾ ਬਿਜਲੀ ਦਾ ਸਬ-ਮੀਟਰ ਲਗਵਾਏਗਾ। ਉਸ ਦਾ ਬਿੱਲ 10 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਜਮ੍ਹਾਂ ਕਰਵਾਉਣਾ ਹੋਵੇਗਾ। ਜੇਕਰ ਸਰਕਾਰ ਵੱਲੋਂ ਬਿਜਲੀ ਦੀਆਂ ਦਰਾਂ ਵਿਚ ਵਾਧਾ ਕੀਤਾ ਜਾਂਦਾ ਹੈ ਅਤੇ ਪ੍ਰਤੀ ਯੂਨਿਟ 10 ਰੁਪਏ ਤੋਂ ਵੱਧ ਜਾਂਦਾ ਹੈ ਤਾਂ ਵਧੇ ਰੇਟ ਅਨੁਸਾਰ ਅਦਾਇਗੀ ਕਰਨੀ ਹੋਵੇਗੀ। ਕੰਟੀਨ ਠੇਕੇਦਾਰ ਪਾਣੀ ਦੀ ਸਪਲਾਈ ਵੀ ਲੋੜੀਂਦਾ ਪ੍ਰਬੰਧ ਖ਼ੁਦ ਕਰੇਗਾ।

15. ਕੰਟੀਨ ਦਾ ਕੰਮ ਤਸੱਲੀਬਖ਼ਸ਼ ਨਾ ਪਾਏ ਜਾਣ 'ਤੇ ਪ੍ਰਿੰਸੀਪਲ\ਇੰਚਾਰਜ ਨੂੰ ਪੂਰਨ ਅਧਿਕਾਰ ਹੋਵੇਗਾ ਕਿ ਉਹ ਬਿਨਾਂ ਕਿਸੇ ਚਿਤਾਵਨੀ ਦੇ ਠੇਕਾ ਰੱਦ ਕਰ ਸਕਣ ਲਈ ਅਧਿਕਾਰਤ ਹੋਣਗੇ।

16. ਕੰਟੀਨ ਦੇ ਸਾਰੇ ਪ੍ਰਬੰਧ ਪ੍ਰਿੰਸੀਪਲ\ਇੰਚਾਰਜ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਨੇ ਹੋਣਗੇ।

17. ਲੜਕੀਆਂ ਦੀ ਸੁਵਿਧਾ ਲਈ ਫ਼ੀਮੇਲ ਸਰਵੈਂਟ ਰੱਖਣਾ ਜਰੂਰੀ ਹੋਵੇਗਾ।

18. ਕੰਟੀਨ ਵਿਚ ਘਰੇਲੂ ਗੈਸ (ਐਲ ਪੀ ਜੀ) ਦੀ ਵਰਤੋਂ ਦੀ ਮਨਾਹੀ ਹੋਵੇਗੀ। ਕਮਰਸ਼ੀਅਲ ਗੈਸ ਸਲੰਡਰ ਵਰਤੋਂ ਯੋਗ ਹੋਣਗੇ।

19. ਕੰਟੀਨ ਵਿਚ ਗ਼ੈਰ-ਵਿਦਿਆਰਥੀਆਂ (ਆਊਟ ਸਾਈਡਰ) ਦੇ ਬੈਠਣ ਦੀ ਮਨਾਹੀ ਹੋਵੇਗੀ।

20. ਕੰਟੀਨ ਵਿਚ ਕੰਮ ਕਰਨ ਵਾਲੇ ਕਰਮਚਾਰੀ ਬਾ-ਵਰਦੀ ਹੋਣਗੇ।

21. ਸਟਾਫ਼ ਲਈ ਚੰਗੀ ਕਰਾਕਰੀ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਚਾਹ ਪਿਲਾਈ ਜਾਵੇਗੀ।

22. ਸਫ਼ਲ ਬੋਲੀਕਾਰ ਨੂੰ ਰਿਹਾਇਸ਼ ਸਬੂਤ ਵਜੋਂ ਰਾਸ਼ਨ ਕਾਰਡ ਅਤੇ ਪਛਾਣ ਲਈ ਆਧਾਰ ਕਾਰਡ ਦੀ ਫੋਟੋ ਕਾਪੀ ਦਫ਼ਤਰ ਵਿਚ ਜਮ੍ਹਾ ਕਰਾਉਣੀ ਹੋਵੇਗੀ। ਇਸ ਤੋਂ ਇਲਾਵਾ ਬੋਲੀਕਾਰ ਨੂੰ ਆਪਣਾ ਆਚਰਣ ਸਰਟੀਫਿਕੇਟ ਆਪਣੇ ਹਲਕੇ ਦੇ ਐਮ. ਸੀ. ਜਾਂ ਸਰਪੰਚ ਆਦਿ ਤੋਂ ਲੈ ਕੇ ਜਮ੍ਹਾ ਕਰਾਉਣਾ ਹੋਵੇਗਾ।

23. ਕੰਟੀਨ ਅਤੇ ਕੰਟੀਨ ਦੇ ਆਲੇ-ਦੁਆਲੇ ਅਤੇ ਕਾਲਜ ਕੈਂਪਸ ਵਿਚ ਕੰਟੀਨ ਤੋਂ ਮਿਲਣ ਵਾਲੇ ਸਨੈਕਸ ਦੇ ਲਿਫ਼ਾਫੇ ਰੈਪਰ ਆਦਿ ਦੀ ਸਫ਼ਾਈ ਦਾ ਖ਼ਾਸ ਪ੍ਰਬੰਧ ਰੱਖਣਾ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ। ਜੇਕਰ ਸਿਹਤ ਵਿਭਾਗ ਜਾਂ ਕਿਸੇ ਹੋਰ ਸਬੰਧਤ ਸਰਕਾਰੀ ਅਦਾਰੇ ਵੱਲੋਂ ਕੰਟੀਨ ਦੀ ਸਫ਼ਾਈ ਅਤੇ ਪ੍ਰਬੰਧਾਂ ਬਾਰੇ ਚੈਕਿੰਗ ਦੌਰਾਨ ਕਿਸੇ ਪ੍ਰਕਾਰ ਦੀ ਕਾਰਵਾਈ\ਜ਼ੁਰਮਾਨਾ ਕੀਤਾ ਜਾਂਦਾ ਹੈ ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਕੰਟੀਨ ਠੇਕੇਦਾਰ ਦੀ ਹੋਵੇਗੀ।

24. ਕੰਟੀਨ ਵਿਚ ਜਾਂ ਕੰਟੀਨ ਦੇ ਆਲੇ-ਦੁਆਲੇ ਕਿਸੇ ਵੀ ਕੰਪਨੀ\ਏਜੰਸੀ ਆਦਿ ਦਾ ਪੋਸਟਰ\ਇਸ਼ਤਿਹਾਰ ਲਗਾਉਣ ਦੀ ਮਨਾਹੀ ਹੋਵੇਗੀ।

ਪ੍ਰਿਅੰਕਾ ਬਸੀ

25. ਕਾਲਜ ਕੰਟੀਨ ਦਾ ਠੇਕਾ ਲੈਣ ਉਪਰੰਤ ਠੇਕੇਦਾਰ, ਕੰਟੀਨ ਕਿਸੇ ਵੀ ਹੋਰ ਵਿਅਕਤੀ ਨੂੰ ਅਗਾਂਹ ਠੇਕੇ\ਕਿਰਾਏ 'ਤੇ ਨਹੀਂ ਦੇਵੇਗਾ। ਜੇਕਰ ਅਜਿਹਾ ਕਰੇਗਾ ਤਾਂ ਉਸਦਾ ਠੇਕਾ ਰੱਦ ਕਰਨ, ਸਕਿਉਰਿਟੀ ਅਤੇ ਠੇਕੇ ਦੀ ਸਲਾਨਾ ਰਾਸ਼ੀ ਜਬਤ ਕਰਨ ਦਾ ਅਧਿਕਾਰ ਪ੍ਰਿੰਸੀਪਲ\ਇੰਚਾਰਜ ਕੋਲ ਹੋਵੇਗਾ।

26. ਕਾਲਜ ਦੀ ਕੰਟੀਨ ਵਿਚ ਕਿਸੇ ਵੀ ਕਿਸਮ ਦੇ ਪਲਾਸਟਿਕ ਜਾਂ ਪੋਲੀਥੀਨ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਸਿਰਫ਼ ਕਾਗ਼ਜ਼ ਦੇ ਲਿਫ਼ਾਫ਼ੇ ਹੀ ਵਰਤੇ ਜਾਣਗੇ।

27. ਕੰਟੀਨ ਠੇਕੇ 'ਤੇ ਲੈਣ ਵਾਲਾ ਠੇਕੇਦਾਰ, ਕੰਟੀਨ ਉਪਰ ਖ਼ੁਦ ਹਾਜ਼ਰ ਰਹੇਗਾ ਤਾਂ ਜੋ ਉਸ ਨੂੰ ਆਉਣ ਵਾਲੀ ਸਮੱਸਿਆ ਤੋਂ ਜਾਣੂ ਕਰਵਾਇਆ ਜਾ ਸਕੇ। ਕੰਟੀਨ ਠੇਕੇ 'ਤੇ ਲੈ ਕੇ ਅੱਗੇ ਕਰਿੰਦਿਆਂ ਨੂੰ ਨਹੀਂ ਦਿੱਤੀ ਜਾ ਸਕਦੀ।

28. ਬੋਲੀ ਹੋਣ ਤੋਂ ਪਹਿਲਾਂ ਬੋਲੀ ਦੇਣ ਵਾਲੇ ਨੂੰ 10000 ਰੁਪਏ ਸਕਿਊਰਿਟੀ ਰਾਸ਼ੀ ਜਮ੍ਹਾ ਕਰਵਾਉਣੀ ਹੋਵੇਗੀ। ਸਫ਼ਲ ਬੋਲੀਕਾਰ ਦੀ ਸਕਿਊਰਿਟੀ ਰਾਸ਼ੀ ਜਮ੍ਹਾ ਰੱਖ ਕੇ ਬਾਕੀ ਬੋਲੀਕਾਰਾਂ ਦੀ ਸਕਿਉਰਿਟੀ ਰਾਸ਼ੀ ਤੁਰੰਤ ਵਾਪਸ ਕਰ ਦਿੱਤੀ ਜਾਵੇਗੀ।

ਉਪਰੋਕਤ ਸ਼ਰਤਾਂ ਨੂੰ ਮੰਨਣ ਵਾਲੇ ਚਾਹਵਾਨ ਇਸ ਬੋਲੀ ਵਿਚ ਸ਼ਾਮਲ ਹੋ ਸਕਦੇ ਹਨ।

ਪ੍ਰਿੰਸੀਪਲ\ਇੰਚਾਰਜ

ਇੰਚਾਰਜ
ਯੂਨੀਵਰਸਿਟੀ ਕਾਲਜ
ਜੈਤੋ (ਫਰੀਦਕੋਟ)